theScoliClinic

**ਅਸੀਂ ਸਕੋਲੀਓਸਿਸ ਜਾਂ ਸ਼ਰਮਨ ਦੇ ਕਾਇਫੋਸਿਸ ਵਾਲੇ ਬੱਚਿਆਂ, ਗਭਰੇਟਾਂ ਅਤੇ ਬਾਲਗਾਂ ਦੀ ਅੰਦਰ ਤੋਂ ਬਾਹਰ ਤੱਕ ਸਿੱਧਾ ਖੜ੍ਹੇ ਹੋਣ ਵਿੱਚ ਮਦਦ ਕਰਦੇ ਹਾਂ।**

ਅਸੀਂ ਤੁਹਾਡੀ ਆਪਣੇ ਫਿਕਰਾਂ ਨਾਲ ਨਿਪਟਣ ਵਿੱਚ ਮਦਦ ਕਰਨ ਲਈ ਨਿੱਜੀ ਪੱਧਰ ’ਤੇ ਸਕੋਲੀਓਸਿਸ ਨਾਲ ਸੰਬੰਧਿਤ ਫੀਜ਼ੀਓਥੈਰਪੀ ਅਤੇ ਮਸਾਜ ਥੈਰੇਪੀ ਪ੍ਰਦਾਨ ਕਰਦੇ ਹਾਂ।

# ਆਮ ਪੁੱਛੇ ਜਾਂਦੇ ਸਵਾਲ

ਸਾਡੇ ਇਲਾਜ ਦੇ ਸੈਸ਼ਨਾਂ ਬਾਰੇ ਆਮ ਪੁੱਛੇ ਜਾਂਦੇ ਕੁੱਝ ਸਵਾਲ ਅਤੇ ਜਵਾਬ ਪੇਸ਼ ਹਨ।







## ਸਕੋਲੀ ਕਲਿਨਿਕ ਮੇਰੀ ਕਿਸ ਤਰ੍ਹਾਂ ਮਦਦ ਕਰ ਸਕਦਾ ਹੈ?

ਤੁਸੀਂ ਕੀ ਚਾਹੁੰਦੇ ਹੋ, ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ। ਸਾਡਾ ਮੁੱਖ ਟੀਚਾ ਹਰ ਗਾਹਕ ਨੂੰ ਹੋਰ ਜ਼ਿਆਦਾ ਕੁਦਰਤੀ ਆਸਣ ਲੱਭਣ ਅਤੇ ਉਸ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣ ਲਈ ਸਿੱਖਿਆ ਦੇਣਾ ਹੈ। ਇਹ ਦਰਦ, ਤਕਲੀਫ, ਦਿੱਖ, ਆਸਣ, ਕੁੱਬ ਵਧਣ ਆਦਿ ਵਰਗੇ ਕੁੱਝ ਫਿਕਰਾਂ ਨਾਲ ਨਿਪਟ ਸਕਦਾ ਹੈ। ਇਸ ਦੇ ਨਾਲ ਹੀ ਸਾਡੇ ਫਿਜ਼ੀਓਥੈਰੇਪਿਸਟ ਤੁਹਾਡੀ ਰੀੜ ਦੀ ਹੱਡੀ ਨੂੰ ਵੱਧ ਤੋਂ ਵੱਧ ਸਿਹਤਮੰਦ ਰੱਖਣ ਲਈ ਸਰਗਰਮੀਆਂ ਵਿੱਚ ਤਬਦੀਲੀ ਕਰਨ ਲਈ ਸਲਾਹ ਦੇ ਸਕਦੇ ਹਨ।

## ਮੈਨੂੰ ਆਪਣੇ ਇਲਾਜ ਦੇ ਸੈਸ਼ਨ ਦੌਰਾਨ ਕੀ ਉਮੀਦ ਕਰਨੀ ਚਾਹੀਦੀ ਹੈ?

ਅਸੀਂ ਤੁਹਾਡੀ ਕਹਾਣੀ ਸੁਣਨਾ ਚਾਹੁੰਦੇ ਹਾਂ। ਤੁਹਾਡਾ ਸੈਸ਼ਨ ਮੁਢਲੇ ਮੁੱਲਾਂਕਣ ਨਾਲ ਸ਼ੁਰੂ ਹੋਵੇਗਾ, ਜਿਸ ਵਿੱਚ ਅਸੀਂ ਸਕੋਲੀਓਸਿਸ ਦੇ ਸੰਬੰਧ ਵਿੱਚ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਹਿਸਟਰੀ ਅਤੇ ਇਸ ਨਾਲ ਤੁਹਾਡੇ ਹੁਣ ਤੱਕ ਦੇ ਸਫਰ ਬਾਰੇ ਡੂੰਘਾਈ ਵਿੱਚ ਗੱਲ ਕਰਾਂਗੇ।

ਫਿਰ ਅਸੀਂ ਸਕੋਲੀਓਸਿਸ ਨਾਲ ਸੰਬੰਧਿਤ ਵਿਧੀਆਂ ਸਮੇਤ ਸਰੀਰਕ ਮੁੱਲਾਂਕਣ ਕਰਾਂਗੇ, ਅਤੇ ਹਰ ਕਦਮ ’ਤੇ ਤੁਹਾਨੂੰ ਸਾਡੇ ਵਲੋਂ ਕੀਤੀ ਜਾਣ ਵਾਲੀ ਹਰ ਚੀਜ਼ ਦੀ ਮਹੱਤਤਾ ਬਾਰੇ ਦੱਸਾਂਗੇ।

ਫਿਰ ਅਸੀਂ ਸਕੋਲੀਓਸਿਸ ਬਾਰੇ ਆਪਣੀ ਸਮਝ ਬਾਰੇ ਦੱਸਾਂਗੇ – ਇਸ ਦੇ ਸ਼ੁਰੂ ਹੋਣ ਅਤੇ ਵਧਣ ਦੇ ਸਿਧਾਂਤਾਂ ਬਾਰੇ ਦੱਸਾਂਗੇ ਅਤੇ ਇਹ ਦੱਸਾਂਗੇ ਕਿ ਫਿਜ਼ੀਓਥੈਰੇਪੀ ਤਸਵੀਰ ਵਿੱਚ ਕਿਵੇਂ ਫਿੱਟ ਬੈਠਦੀ ਹੈ।

ਅਖੀਰ ਵਿੱਚ ਸਾਡੀ ਜਾਣਕਾਰੀ, ਤੁਹਾਡੇ ਟੀਚਿਆਂ ਅਤੇ ਨਿੱਜੀ ਹਾਲਤਾਂ ਦੇ ਆਧਾਰ ’ਤੇ ਅਸੀਂ ਥੈਰੇਪੀ ਦੀ ਇਕ ਅਜਿਹੀ ਯੋਜਨਾ ਬਣਾਵਾਂਗੇ ਜੋ ਤੁਹਾਡੇ ਲਈ ਜਾਂ ਤੁਹਾਡੇ ਬੱਚੇ ਲਈ ਸਭ ਤੋਂ ਵਧੀਆ ਹੈ।

ਬਾਅਦ ਦੇ ਸੈਸ਼ਨ ਤੁਹਾਨੂੰ ਰੋਜ਼ਾਨਾ ਸਰਗਰਮੀਆਂ ਜਾਂ ਖੇਡਾਂ ਦੀਆਂ ਤਬਦੀਲੀਆਂ, ਸੌਣ/ਬੈਠਣ ਦੇ ਸਿਫਾਰਿਸ਼ ਕੀਤੇ ਗਏ ਆਸਣਾਂ, ਦਰਦ ਨੂੰ ਕੰਟਰੋਲ ਕਰਨ ਦੀਆਂ ਜੁਗਤਾਂ ਅਤੇ ਹੋਰ ਚੀਜ਼ਾਂ ਬਾਰੇ ਸਿੱਖਿਆ ਦੇਣ ’ਤੇ ਕੇਂਦਰਿਤ ਹੋਣਗੇ। ਤੁਹਾਡਾ ਫਿਜ਼ੀਓਥੈਰੇਪਿਸਟ ਸ਼ਰੌਥ ਮੈਥਡ ’ਤੇ ਆਧਾਰਤ ਸਕੋਲੀਓਸਿਸ ਨਾਲ ਸੰਬੰਧਿਤ ਕਸਰਤਾਂ ਦੇ ਗੁੰਝਲਦਾਰ ਅਸੂਲਾਂ ਨੂੰ ਸਿੱਖਣ ਵਿੱਚ ਤੁਹਾਡੀ ਮਦਦ ਕਰੇਗਾ ਅਤੇ ਘਰ ਵਿੱਚ ਕਸਰਤ ਕਰਨ ਦੀ ਅਜਿਹੀ ਪਲੈਨ ਬਣਾਏਗਾ ਜੋ ਤੁਸੀਂ ਘਰ ਵਿੱਚ ਕਾਮਯਾਬੀ ਨਾਲ ਮੁਕੰਮਲ ਕਰ ਸਕੋਗੇ।

## ਸ਼ਰੌਥ ਮੈਥਡ ਕੀ ਹੈ?

ਸ਼ਰੋਥ ਮੈਥਡ ਸਕੋਲੀਓਸਿਸ ਦੇ ਇਲਾਜ ਲਈ ਸਕੋਲੀਓਸਿਸ ਨਾਲ ਸੰਬੰਧਿਤ ਫੀਜ਼ੀਓਥੈਰੇਪੀ ਦੀ ਛਤਰੀ ਅਧੀਨ ਮੈਨੇਜਮੈਂਟ ਦੀ ਕਨਜ਼ਰਵੇਟਿਵ ਪਹੁੰਚ ਹੈ, ਜਿਹੜੀ ਸਕੋਲੀਓਸਿਸ ਦੇ ਹਰ ਕੁੱਬ ਦੀ 3-ਪਸਾਰੀ ਖਾਸੇ (3-ਡਾਇਮੈਨਸ਼ਿਨਲ ਨੇਚਰ) ਅਨੁਸਾਰ ਪਛਾਣ ਅਤੇ ਇਲਾਜ ਕਰਦੀ ਹੈ। ਇਹ ਹਰ ਇਕ ਕਲਾਇੰਟ ਦੀ ਉਸ ਦੇ ਪੱਠਿਆਂ ਦੇ ਅਸੰਤੁਲਨ ਨਾਲ ਨਿਪਟਣ ਵਿੱਚ ਮਦਦ ਕਰਨ ਲਈ ਸਾਹ ਲੈਣ ਦੀਆਂ ਤਕਨੀਕਾਂ ਅਤੇ ਮੋਢਿਆਂ, ਧੜ ਅਤੇ ਪੇਡੂ ਦੇ  ਕੁਢੱਬੇ ਪੱਠਿਆਂ ਦੇ ਸੁੰਗੜਨ ਅਤੇ ਸਰਗਰਮ ਹੋਣ ਦੀਆਂ ਤਕਨੀਕਾਂ ਦੀ ਵਰਤੋਂ ਕਰਦੀ ਹੈ।

## ਕੀ ਫੀਜ਼ੀਓ ਮੇਰੇ/ਮੇਰੇ ਬੱਚੇ ਦੇ ਕੁੱਬ ਨੂੰ ਠੀਕ ਕਰ ਸਕਦੀ ਹੈ?

ਜੇ ਤੁਹਾਡਾ ਬੱਚਾ ਅਜੇ ਵੱਧ ਰਿਹਾ ਹੈ, ਤਾਂ ਸਕੋਲੀਓਸਿਸ ਨਾਲ ਸੰਬੰਧਿਤ ਕਸਰਤਾਂ ਦਾ ਮਕਸਦ ਤੁਹਾਡੇ ਬੱਚੇ ਦੇ ਵਧਣ ਦੇ ਅੰਤ ਤੱਕ ਉਸ ਦੇ ਕੁੱਬ ਦੇ ਵਾਧੇ ਨੂੰ ਧੀਮਾ ਕਰਨਾ ਹੈ। ਜੇ ਤੁਹਾਡਾ ਬੱਚਾ ਵਧਣੋਂ ਹਟ ਗਿਆ ਹੈ ਅਤੇ ਉਸ ਦੇ ਕੁੱਬ ਦੀ ਡਿਗਰੀ ਉਨੀ ਹੀ ਰਹਿੰਦੀ ਹੈ ਤਾਂ ਇਸ ਨੂੰ ਕਾਮਯਾਬੀ ਮੰਨਿਆ ਜਾਂਦਾ ਹੈ। ਤੁਹਾਡੇ ਬੱਚੇ ਦੇ ਕੁੱਬ ਦੇ ਆਕਾਰ ਨੂੰ ਘਟਾਉਣਾ ਸੰਭਵ ਹੋ ਸਕਦਾ ਹੈ ਜੋ ਕਿ ਕਈ ਚੀਜ਼ਾਂ 'ਤੇ ਨਿਰਭਰ ਕਰਦਾ ਹੈ।

ਜੇ ਤੁਹਾਡਾ ਬੱਚਾ ਵਧਣੋਂ ਹਟ ਗਿਆ ਹੈ ਜਾਂ ਤੁਸੀਂ ਇਕ ਬਾਲਗ ਹੋ, ਤਾਂ ਕਸਰਤਾਂ ਆਸਣ ਅਤੇ ਦਿਖ ਵਿੱਚ ਸੁਧਾਰ ਕਰਨ, ਦਰਦ ਘਟਾਉਣ, ਵਾਧੇ ਨੂੰ ਰੋਕਣ ਵਿੱਚ ਮਦਦ ਕਰ ਸਕਦੀਆਂ ਹਨ ਅਤੇ ਇਹ ਪੱਕਾ ਕਰ ਸਕਦੀਆਂ ਹਨ ਕਿ ਰੀੜ੍ਹ ਦੀ ਹੱਡੀ ਉਮਰ ਭਰ ਲਈ ਸਿਹਤਮੰਦ ਰਹੇ।

## ਇਲਾਜ 'ਤੇ ਕਿੰਨਾ ਖਰਚਾ ਆਉਂਦਾ ਹੈ?

ਫੀਜ਼ੀਓ ਅਤੇ ਆਰ ਐੱਮ ਟੀ ਲਈ ਮੁਢਲਾ ਮੁੱਲਾਂਕਣ 75 ਮਿੰਟਾਂ ਲਈ ਹੁੰਦਾ ਹੈ। ਬਾਅਦ ਦੀਆਂ ਅਪੁਆਇੰਟਮੈਂਟਾਂ 45-90 ਮਿੰਟਾਂ ਤੱਕ ਦੀਆਂ ਹੁੰਦੀਆਂ ਹਨ, ਜਿਹੜੀਆਂ ਤੁਹਾਡੀਆਂ ਲੋੜਾਂ ਅਤੇ ਤਰਜੀਹਾਂ 'ਤੇ ਨਿਰਭਰ ਕਰਦੀਆਂ ਹਨ। ਅਪਡੇਟ ਕੀਤੀਆਂ ਫੀਸਾਂ ਬਾਰੇ ਜਾਣਨ ਲਈ ਸਾਡੇ ਵੈੱਬਸਾਈਟ 'ਤੇ ਜਾਉ।

## ਮੈਂ ਇਲਾਜ ਦਾ ਖਰਚਾ ਕਿਵੇਂ ਅਦਾ ਕਰ ਸਕਦਾ/ਸਕਦੀ ਹਾਂ?

ਅਸੀਂ ਮੰਗ ਕਰਦੇ ਹਾਂ ਕਿ ਸਾਰੇ ਗਾਹਕ ਆਪਣੇ ਸੈਸ਼ਨ ਦੇ ਅੰਤ 'ਤੇ ਸਕੋਲੀਕਲਿਨਿਕ ਨੂੰ ਆਪਣੇ ਇਲਾਜ ਦਾ ਖਰਚਾ ਅਦਾ ਕਰਨ। ਤੁਹਾਡੇ ਇਲਾਜ ਦਾ ਕੁੱਝ ਹਿੱਸਾ ਡਾਇਰੈਕਟ ਬਿਲਿੰਗ ਕਰਨ ਦੇ ਯੋਗ ਹੋ ਸਕਦਾ ਹੈ। ਬਾਕੀ ਬਚਦੀ ਰਕਮ ਵੀਜ਼ਾ, ਮਾਸਟਰ ਕਾਰਡ, ਡੈਬਟ ਜਾਂ ਕੈਸ਼ ਰਾਹੀਂ ਅਦਾ ਕੀਤੀ ਜਾ ਸਕਦੀ ਹੈ (ਇਸ ਸਮੇਂ ਅਸੀਂ ਏਮੈਕਸ ਨਹੀਂ ਲੈਂਦੇ)।

## ਕੀ ਇਲਾਜ ਐਕਸਟੈਂਡਿਡ ਬੈਨੇਫਿਟਸ ਦੇ ਅਧੀਨ ਕਵਰ ਕੀਤਾ ਜਾਂਦਾ ਹੈ?

ਸਕੋਲੀਕਲਿਨਿਕ ਦੇ ਸੈਸ਼ਨਾਂ ਦੇ ਬਿੱਲ ਤੁਹਾਡੀ ਐਕਸਟੈਂਡਿਡ ਮੈਡੀਕਲ ਬੈਨੇਫਿਟਸ ਪਲੈਨ ਨੂੰ ਸਿੱਧੇ ਭੇਜੇ ਜਾ ਸਕਦੇ ਹਨ ਜੋ ਕਿ ਤੁਹਾਡੀ ਕੰਪਨੀ ਅਤੇ ਪਲੈਨ 'ਤੇ ਨਿਰਭਰ ਕਰਦਾ ਹੈ। ਇਲਾਜ ਦੇ ਸੈਸ਼ਨ ਰਜਿਸਟਰਡ ਫੀਜ਼ੀਓਥੈਰੇਪਿਸਟਾਂ ਅਤੇ ਰਜਿਸਟਰਡ ਮਸਾਜ ਥੈਰੇਪਿਸਟਾਂ ਵਲੋਂ ਪ੍ਰਦਾਨ ਕੀਤੇ ਜਾਂਦੇ ਹਨ; ਅਸੀਂ ਸਿਫਾਰਿਸ਼ ਕਰਦੇ ਹਾਂ ਕਿ ਤੁਸੀਂ ਆਪਣੇ ਇਨਸ਼ੋਰੈਂਸ ਕਰਨ ਵਾਲੇ ਤੋਂ ਪਤਾ ਕਰੋ ਕਿਉਂਕਿ ਕਵਰੇਜ ਵੱਖਰੀ ਵੱਖਰੀ ਹੋ ਸਕਦੀ ਹੈ।

## ਤੁਹਾਨੂੰ ਐਕਸ-ਰੇਆਂ ਦੀ ਕਿਉਂ ਲੋੜ ਹੈ? ਤੁਸੀਂ ਉਹ ਕਿਵੇਂ ਪ੍ਰਾਪਤ ਕਰੋਗੇ?

ਅਸੀਂ ਤੁਹਾਡੇ ਇਲਾਜ ਦੀ ਪਲੈਨ ਤੁਹਾਡੀ ਰੀੜ ਦੀ ਹੱਡੀ ਦੇ ਕੁੱਬ ਦੇ ਹਿਸਾਬ ਅਤੇ ਸਰੀਰਕ ਸਥਿਤੀ ਦੇ ਹਿਸਾਬ ਨਾਲ ਤਿਆਰ ਕਰਦੇ ਹਾਂ। ਤੁਹਾਡਾ ਐਕਸ-ਰੇਅ ਤੁਹਾਡੀ ਚਮੜੀ ਤੋਂ ਹੇਠਲੀ ਅਲਾਈਨਮੈਂਟ ਦੀ ਚੰਗੀ ਤਸਵੀਰ ਦੇਖਣ ਵਿੱਚ ਸਾਡੀ ਮਦਦ ਕਰਦਾ ਹੈ। ਆਮ ਤੌਰ 'ਤੇ ਰਿਪੋਰਟਾਂ ਤੋਂ ਪੂਰੀ ਸਥਿਤੀ ਦਾ ਪਤਾ ਨਹੀਂ ਲੱਗਦਾ। ਸਾਡੇ ਦਫਤਰ ਦਾ ਸਟਾਫ ਤੁਹਾਡੀ ਤਸਵੀਰਾਂ ਵਾਲੀ ਡਿਸਕ ਪ੍ਰਾਪਤ ਕਰਨ ਦੀਆਂ ਚੋਣਾਂ ਬਾਰੇ ਤੁਹਾਡੇ ਨਾਲ ਗੱਲ ਕਰੇਗਾ। ਅਸੀਂ ਤੁਹਾਨੂੰ ਆਪਣੀ ਜਾਣਕਾਰੀ ਸਾਂਝੀ ਕਰਨ ਬਾਰੇ ਇਕ ਫਾਰਮ 'ਤੇ ਦਸਖਤ ਕਰਨ ਲਈ ਕਹਾਂਗੇ ਅਤੇ ਬਾਕੀ ਦਾ ਕੰਮ ਅਸੀਂ ਆਪ ਕਰਾਂਗੇ। ਕਿਰਪਾ ਕਰਕੇ ਨੋਟ ਕਰੋ ਕਿ ਐਕਸ-ਰੇਅ ਕਰਨ ਵਾਲੀਆਂ ਕਈ ਥਾਂਵਾਂ ਤੀਜੀ ਧਿਰ ਨੂੰ ਡਿਸਕਾਂ ਨਹੀਂ ਭੇਜਦੀਆਂ, ਇਸ ਕੇਸ ਵਿੱਚ ਤੁਹਾਨੂੰ ਆਪ ਜਾ ਕੇ ਡਿਸਕ ਲਿਆਉਣੀ ਪੈ ਸਕਦੀ ਹੈ।

## ਮੈਨੂੰ ਆਪਣੇ ਨਾਲ ਕੀ ਲਿਆਉਣਾ ਚਾਹੀਦਾ ਹੈ/ਮੈਨੂੰ ਕਿਸ ਤਰ੍ਹਾਂ ਦੇ ਕੱਪੜੇ ਪਾਉਣੇ ਚਾਹੀਦੇ ਹਨ?

ਕਸਰਤ ਕਰਦੇ ਸਮੇਂ ਤੁਹਾਨੂੰ ਸਹੀ ਸੰਕੇਤ ਦੇਣ ਲਈ ਵਧੀਆ ਹੋਵੇਗਾ ਜੇ ਸਾਡੇ ਥੈਰੇਪਿਸਟ ਤੁਹਾਡੀ ਪਿੱਠ ਦਾ ਜ਼ਿਆਦਾ ਹਿੱਸਾ, ਮੋਢੇ, ਅਤੇ ਪੇਡੂ ਦੀ ਅਲਾਈਨਮੈਂਟ ਦੇਖ ਸਕਣ।

ਅਸੀਂ ਸਿਫਾਰਿਸ਼ ਕਰਦੇ ਹਾਂ ਕਿ ਗਾਹਕ ਖੇਡਾਂ ਵਾਲੀ ਬ੍ਰਾਅ (ਜਿੱਥੇ ਲਾਗੂ ਹੁੰਦਾ ਹੋਵੇ) ਦੇ ਨਾਲ ਫਿੱਟਡ ਕੱਪੜੇ ਅਤੇ ਲੈਗਿੰਗ ਜਾਂ ਫਿੱਟਡ ਸ਼ੌਰਟ ਜਾਂ ਪੈਂਟ ਪਾਉਣ। ਕਿਰਪਾ ਕਰਕੇ ਲੰਮੇ ਵਾਲਾਂ ਨੂੰ ਇਕ ਜੂੜੇ ਵਿੱਚ ਬੰਨਣ ਲਈ ਤਿਆਰ ਰਹੋ। ਤੁਸੀਂ ਆਪਣੀ ਖੇਡਾਂ ਵਾਲੀ ਬ੍ਰਾਅ ਦੇ ਉੱਤੋਂ ਦੀ ਪਾਉਣ ਲਈ ਟਾਈਟ, ਸਾਦੀ ਅਤੇ ਹਲਕੇ ਰੰਗ ਦੀ ਟੌਪ ਵੀ ਲਿਆ ਸਕਦੇ ਹੋ।

## ਜੇ ਮੇਰੇ ਬ੍ਰੇਸ ਪਾਈ ਹੋਈ ਹੋਵੇ, ਕੀ ਮੈਨੂੰ ਫਿਰ ਵੀ ਫੀਜ਼ੀਓ ਦੀ ਲੋੜ ਹੈ?

ਕਈ ਵਾਰੀ ਇਕੱਲੀ ਫੀਜ਼ੀਓ ਨਾਲ ਕੰਟਰੋਲ ਕਰਨ ਲਈ ਸਕੋਲੀਓਸਿਸ ਦੇ ਕੁੱਬ ਕਾਫੀ ਵੱਡੇ ਹੁੰਦੇ ਹਨ ਅਤੇ ਕਸਟਮ ਬ੍ਰੇਸ ਪਾਉਣ ਲਈ ਕਿਹਾ ਜਾਂਦਾ ਹੈ। ਪਰ ਬ੍ਰੇਸ ਫੀਜ਼ੀਓਥੈਰੇਪੀ ਦੇ ਬਦਲੇ ਨਹੀਂ ਵਰਤਿਆ ਜਾ ਸਕਦਾ। ਬ੍ਰੇਸ ਅਤੇ ਫੀਜ਼ੀਓਥੈਰੇਪੀ ਦੋਨਾਂ ਦੀ ਇਕੱਠੀ ਵਰਤੋਂ ਕਰਨ ਨਾਲ ਤੁਹਾਡੀ ਰੀੜ ਦੀ ਹੱਡੀ ਅਤੇ ਪੱਠਿਆਂ ਦੀ ਸਥਿਤੀ ਵਿੱਚ ਸੁਧਾਰ ਆ ਸਕਦਾ ਹੈ, ਤਾਂ ਜੋ ਤੁਸੀਂ ਬ੍ਰੇਸ ਤੋਂ ਬਿਨਾਂ ਕੁਦਰਤੀ ਆਸਣ ਰੱਖਣ ਲਈ ਤਿਆਰ ਹੋ ਸਕੋ।


ਹੋਰ ਜਾਣਕਾਰੀ ਲਈ, ਜਾਂ ਆਪਣੀ ਅਪੁਆਇੰਟਮੈਂਟ ਬੁੱਕ ਕਰਨ ਲਈ **604.336.0238** 'ਤੇ ਕਾਲ ਕਰੋ

ਵੈਨਕੂਵਰ (ਫੋਨ ਆਪਸ਼ਨ 1)
vancouver@scoliclinic.ca

ਨੌਰਥ ਵੈਨਕੂਵਰ (ਫੋਨ ਆਪਸ਼ਨ 2)
northvan@scoliclinic.ca

ਸਰੀ (ਫੋਨ ਆਪਸ਼ਨ 3)
surrey@scoliclinic.ca